ServiceOntario

making it easier | c'est si simple

# ਓਂਟੇਰੀਓ ਵਿੱਚ ਵਿਆਹ ਕਰਵਾਉਣਾ

**ਵਿਆਹ ਕਿਸੇ ਜੋੜੇ ਦੀ ਜ਼ਿੰਦਗੀ ਦੀ ਇੱਕ ਅਹਿਮ ਘਟਨਾ ਹੁੰਦੀ ਹੈ ਅਤੇ ਕਨੂੰਨੀ ਇਕਰਾਰਨਾਮੇ ਦਾ ਇੱਕ ਰੂਪ ਵੀ।**

**ਓਂਟੇਰੀਓ ਵਿੱਚ, *ਮੈਰਿਜ ਐਕਟ* (Marriage Act) ਉਹ ਕਨੂੰਨ ਹੈ ਜੋ ਇਸ ਬਾਰੇ ਲੋੜਾਂ ਤੈਅ ਕਰਦਾ ਹੈ ਕਿ ਵਿਆਹ ਲਾਜ਼ਮੀ ਰੂਪ ਵਿੱਚ ਕਿਵੇਂ ਕੀਤੇ ਜਾਣੇ ਚਾਹੀਦੇ ਹਨ।**

**ਜਦੋਂ ਤੁਸੀਂ ਵਿਆਹ ਦੀ ਯੋਜਨਾ ਬਣਾ ਰਹੇ ਹੋਵੋ, ਹੇਠਾਂ ਦਿੱਤੀ ਅਹਿਮ ਜਾਣਕਾਰੀ ਨੂੰ ਧਿਆਨ ਵਿੱਚ ਰੱਖੋ।**

### ਓਂਟੇਰੀਓ ਵਿੱਚ ਵਿਆਹ ਕਰਾਉਣ ਲਈ ਮੇਰੀ ਉਮਰ ਕਿੰਨੀ ਹੋਣੀ ਚਾਹੀਦੀ ਹੈ?

ਲਾਜ਼ਮੀ ਹੈ ਕਿ ਓਂਟੇਰੀਓ ਵਿੱਚ ਲਾਇਸੰਸ ਦੁਆਰਾ ਵਿਆਹ ਕਰਾਉਣ ਲਈ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਦੀ ਹੋਵੇ। ਜੇ ਤੁਸੀਂ 16 ਜਾਂ 17 ਸਾਲ ਦੇ ਹੋ ਤਾਂ, ਜੇ ਤੁਹਾਡੇ ਕੋਲ ਦੋਹਾਂ ਮਾਪਿਆਂ ਦੀ ਲਿਖਤੀ ਰੂਪ ਵਿੱਚ ਸਹਿਮਤੀ ਹੈ ਤਾਂ ਤੁਸੀਂ ਸ਼ਾਇਦ ਵਿਆਹ ਕਰਵਾ ਸਕਦੇ ਹੋ। ਹੋਰ ਪਾਬੰਦੀਆਂ ਸ਼ਾਇਦ ਲਾਗੂ ਹੋ ਸਕਦੀਆਂ ਹਨ।

### ਕੀ ਮੇਰਾ ਪਰਿਵਾਰ ਜਾਂ ਕੋਈ ਹੋਰ ਵਿਅਕਤੀ ਮੇਰਾ ਵਿਆਹ ਕਰਵਾ ਸਕਦਾ ਹੈ?

ਤੁਹਾਨੂੰ ਵਿਆਹ ਦੇ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਜਾਂ ਤੁਹਾਡਾ ਜ਼ਬਰਦਸਤੀ ਨਾਲ ਵਿਆਹ ਨਹੀਂ ਕੀਤਾ ਜਾ ਸਕਦਾ। ਕਿਉਂਕਿ ਵਿਆਹ ਕਨੂੰਨੀ ਇਕਰਾਰਨਾਮੇ ਦਾ ਇੱਕ ਰੂਪ ਹੈ, ਇਸ ਲਈ ਲਾਜ਼ਮੀ ਹੈ ਕਿ ਤੁਸੀਂ ਇਸ ਵਿੱਚ ਹਿੱਸਾ ਲੈਣ ਲਈ ਇੱਛੁਕ ਹੋਵੇ ਅਤੇ ਇਹ ਲਾਜ਼ਮੀ ਰੂਪ ਵਿੱਚ ਸਵੈ-ਇੱਛੁਕ ਹੋਣਾ ਚਾਹੀਦਾ ਹੈ।

### ਕੀ ਮੈਨੂੰ ਵਿਆਹ ਦਾ ਲਾਇਸੰਸ ਲੈਣਾ ਪਵੇਗਾ?

ਜ਼ਿਆਦਾਤਰ ਮਾਮਲਿਆਂ ਵਿੱਚ, ਜੇ ਤੁਹਾਡਾ ਵਿਆਹ ਕਿਸੇ ਧਾਰਮਿਕ ਜਾਂ ਸਮਾਜਿਕ ਰਸਮ ਵਿੱਚ ਹੋ ਰਿਹਾ ਹੈ, ਲਾਜ਼ਮੀ ਹੈ ਕਿ ਤੁਸੀਂ ਆਪਣੀ ਸਥਾਨਕ ਮਿਉਨਿਸਪਲਟੀ ਰਾਹੀਂ ਵਿਆਹ ਦਾ ਲਾਇਸੰਸ ਪ੍ਰਾਪਤ ਕਰੋ।

ਹਾਲਾਂਕਿ, ਜੇ ਤੁਹਾਡਾ ਵਿਆਹ ਕਿਸੇ ਧਾਰਮਿਕ ਰਸਮ ਵਿੱਚ ਹੋ ਰਿਹਾ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਵਿਆਹ ਦੀ ਸੂਚਨਾ (ਆਪਣੇ ਗਿਰਜੇ, ਮਸਜਿਦ ਜਾਂ ਸਿਨਾਗੋਗ ਵਿੱਚ ਵਿਆਹ ਕਰਾਉਣ ਦੇ ਆਪਣੇ ਇਰਾਦੇ ਦੇ ਵੇਰਵਿਆਂ ਬਾਰੇ ਇੱਕ ਸੂਚਨਾ ਦੇਣਾ) ਦੇ ਪਰਕਾਸ਼ਨ ਦੁਆਰਾ ਵਿਆਹ ਕਰਵਾਉਣ ਦੇ ਯੋਗ ਹੋਵੋ। ਵਧੇਰੇ ਜਾਣਕਾਰੀ ਲਈ ਆਪਣੇ ਧਾਰਮਿਕ ਅਧਿਕਾਰੀ ਨਾਲ ਗੱਲ ਕਰੋ।

### ਮੈਂ ਵਿਆਹ ਦਾ ਲਾਇਸੰਸ ਕਿਵੇਂ ਪ੍ਰਾਪਤ ਕਰਾਂ?

ਵਿਆਹ ਦੇ ਲਾਇਸੰਸ ਦਾ ਅਰਜ਼ੀ ਫ਼ਾਰਮ ਪ੍ਰਾਪਤ ਕਰਨ ਲਈ ਆਪਣੇ ਸਥਾਨਕ ਮਿਉਨਿਸਿਪਲ ਆਫ਼ਿਸ ਨਾਲ ਸੰਪਰਕ ਕਰੋ। ਜਦੋਂ ਤੁਸੀਂ ਆਪਣੀ ਅਰਜ਼ੀ ਭਰ ਲਓ, ਤਾਂ ਆਪ ਜਾ ਕੇ ਵਿਆਹ ਦੇ ਲਾਇਸੰਸ ਲਈ ਅਰਜ਼ੀ ਦਿਓ। ਯਕੀਨੀ ਬਣਾਓ ਕਿ ਤੁਸੀਂ ਅਤੇ ਤੁਹਾਡਾ ਸਾਥੀ ਫ਼ੋਟੋ ਸ਼ਨਾਖਤ ਦੇ ਨਾਲ ਆਪਣੀ ਕੋਈ ਪਛਾਣ ਨਾਲ ਲੈ ਕੇ ਆਓ, ਜਿਵੇਂ ਕਿ ਜਨਮ ਪ੍ਰਮਾਣ-ਪੱਤਰ (ਨਾਮ ਬਦਲੀ ਦੇ ਕੋਈ ਵੀ ਪ੍ਰਮਾਣ-ਪੱਤਰਾਂ ਸਮੇਤ), ਮੌਜੂਦਾ ਪਾਸਪੋਰਟ, ਇਮੀਗ੍ਰਾਂਟ ਲੈਂਡਿੰਗ ਦਾ ਰਿਕਾਰਡ ਜਾਂ ਕੈਨੇਡੀਅਨ ਨਾਗਰਿਕਤਾ ਦਾ ਕਾਰਡ। ਵਿਆਹ ਦਾ ਲਾਇਸੰਸ ਖਰੀਦਣ ਲਈ ਫ਼ੀਸ ਹੁੰਦੀ ਹੈ। ਵਰਤਮਾਨ ਫ਼ੀਸ ਜਾਣਨ ਲਈ ਆਪਣੇ ਮਿਉਨਿਸਿਪਲ ਆਫ਼ਿਸ ਨਾਲ ਸੰਪਰਕ ਕਰੋ। ਵਿਆਹ ਦਾ ਲਾਇਸੰਸ ਇਸਨੂੰ ਖਰੀਦਣ ਦੀ ਤਾਰੀਖ ਤੋਂ ਤਿੰਨ ਮਹੀਨਿਆਂ ਲਈ ਓਂਟੇਰੀਓ ਵਿੱਚ ਕਿਤੇ ਵੀ ਪ੍ਰਮਾਣਕ ਹੁੰਦਾ ਹੈ।

### ਵਿਆਹ ਸੰਪੰਨ ਕਰਵਾਉਣ ਦੀ ਆਗਿਆ ਕਿਸ ਨੂੰ ਹੁੰਦੀ ਹੈ?

ਧਾਰਮਿਕ ਵਿਆਹ ਕਿਸੇ ਮਾਨਤਾ-ਪ੍ਰਾਪਤ ਧਾਰਮਿਕ ਸੰਸਥਾ ਦੇ ਕਿਸੇ ਮੈਂਬਰ ਜਿਸਨੂੰ *ਮੈਰਿਜ ਐਕਟ* ਤਹਿਤ ਓਂਟੇਰੀਓ ਵਿੱਚ ਵਿਆਹ ਸੰਪੰਨ ਕਰਨ ਦਾ ਅਧਿਕਾਰ ਪ੍ਰਾਪਤ ਹੋਵੇ, ਦੁਆਰਾ ਸੰਪੰਨ ਕੀਤਾ ਜਾਂਦਾ ਹੈ। ਲਾਜ਼ਮੀ ਹੈ ਕਿ ਵਿਅਕਤੀ ਵਿਆਹ ਸੰਪੰਨ ਕਰਵਾਉਣ ਲਈ ਰਜਿਸਟਰਾਰ ਜਨਰਲ ਦੇ ਦਫ਼ਤਰ ਕੋਲ ਰਜਿਸਟਰਡ ਹੋਇਆ ਹੋਵੇ। ਓਂਟੇਰੀਓ ਵਿੱਚ ਵਿਆਹ ਸੰਪੰਨ ਕਰਵਾਉਣ ਲਈ ਰਜਿਸਟਰਡ ਧਾਰਮਿਕ ਅਧਿਕਾਰੀਆਂ ਦੀ ਇੱਕ ਸੂਚੀ www.serviceontario.ca 'ਤੇ ਉਪਲਬਧ ਹੈ। ਕੋਈ ਜੱਜ, ਸ਼ਾਂਤੀ ਲਈ ਨਿਆਂਇਕ ਅਧਿਕਾਰੀ (justice of the peace) ਜਾਂ ਮਿਉਨਿਸਿਪਲ ਕਲਰਕ ਸ਼ਾਇਦ ਵਿਆਹ ਦੇ ਲਾਇਸੰਸ ਦੇ ਅਧਿਕਾਰ ਤਹਿਤ ਸਮਾਜਿਕ ਵਿਆਹ ਸੰਪੰਨ ਕਰ ਸਕਦਾ ਹੈ।

### ਕੀ ਮੈਂ ਇੰਟਰਨੈਟ ਜਾਂ ਟੈਲੀਫ਼ੋਨ 'ਤੇ ਵਿਆਹ ਕਰਵਾ ਸਕਦਾ/ਸਕਦੀ ਹਾਂ? ਕੀ ਮੇਰੀ ਜਗ੍ਹਾ ਕੋਈ ਹੋਰ ਖੜ੍ਹਾ ਹੋ ਸਕਦਾ ਹੈ ਜਾਂ ਮੇਰੀ ਪ੍ਰਤੀਨਿਧਤਾ ਕਰ ਸਕਦਾ ਹੈ?

ਜੀ ਨਹੀਂ, ਲਾੜੀ ਅਤੇ ਲਾੜਾ ਦੋਵੇਂ ਹੀ ਵਿਆਹ ਸੰਪੰਨ ਕਰਵਾ ਰਹੇ ਵਿਅਕਤੀ ਅਤੇ ਦੋ ਗਵਾਹਾਂ ਦੇ ਸਾਹਮਣੇ ਖੜ੍ਹੇ ਹੁੰਦੇ ਹਨ। ਵਿਆਹ ਦੀ ਰਸਮ ਤੋਂ ਤੁਰੰਤ ਮਗਰੋਂ, ਪਤੀ-ਪਤਨੀ, ਵਿਆਹ ਸੰਪੰਨ ਕਰਾਉਣ ਵਾਲੇ ਵਿਅਕਤੀ ਅਤੇ ਗਵਾਹਾਂ ਲਈ ਵਿਆਹ ਦੇ ਰਜਿਸਟਰ 'ਤੇ ਦਸਤਖ਼ਤ ਕਰਨੇ ਲਾਜ਼ਮੀ ਹੁੰਦੇ ਹਨ।

### ਜੇ ਮੈਂ ਓਂਟੇਰੀਓ ਵਿੱਚ ਨਹੀਂ ਰਹਿੰਦਾ/ਰਹਿੰਦੀ ਤਾਂ ਕੀ ਮੈਂ ਇੱਥੇ ਵਿਆਹ ਕਰਵਾ ਸਕਦਾ/ਸਕਦੀ ਹਾਂ?

ਜੀ ਹਾਂ। ਜੇ ਤੁਸੀਂ ਕੈਨੇਡਾ ਤੋਂ ਬਾਹਰ ਰਹਿ ਰਹੇ ਹੋ ਜਾਂ ਕਿਸੇ ਹੋਰ ਪ੍ਰੋਵਿੰਸ ਤੋਂ ਹੋ, ਤਾਂ ਵਧੇਰੇ ਜਾਣਕਾਰੀ ਲਈ ਉਸ ਮਿਉਨਿਸਪਲਟੀ ਨਾਲ ਸੰਪਰਕ ਕਰੋ ਜਿਸ ਵਿੱਚ ਤੁਸੀਂ ਵਿਆਹ ਕਰਵਾਉਣਾ ਚਾਹੁੰਦੇ ਹੋ।

**ਜੇ ਮੈਂ ਤਲਾਕਸ਼ੁਦਾ ਹਾਂ ਤਾਂ ਮੈਂ ਦੁਬਾਰਾ ਵਿਆਹ ਕਿਵੇਂ ਕਰਵਾਵਾਂ?**
ਜੇ ਤੁਹਾਡਾ ਤਲਾਕ ਕੈਨੇਡਾ ਵਿੱਚ ਹੋਇਆ ਸੀ, ਤਾਂ ਲਾਜ਼ਮੀ ਹੈ ਕਿ ਜਦੋਂ ਤੁਸੀਂ ਵਿਆਹ ਦਾ ਲਾਇਸੰਸ ਖਰੀਦ ਰਹੇ ਹੋਵੋ ਤਾਂ ਆਪਣੇ ਨਾਲ ਸਥਾਨਕ ਮਿਉਨਿਸਿਪਲ ਆਫ਼ਿਸ ਵਿਖੇ ਅੰਤਮ ਨਿਰਣੇ, ਅੰਤਮ ਫ਼ੈਸਲੇ ਜਾਂ ਤਲਾਕ ਦੇ ਸਰਟੀਫ਼ਿਕੇਟ ਦੀ ਅਸਲ ਜਾਂ ਅਦਾਲਤ ਤੋਂ ਪ੍ਰਮਾਣਤ ਨਕਲ ਲੈਕੇ ਆਓ। ਹੋਰ ਜਾਣਕਾਰੀ ਲਈ ਆਪਣੇ ਸਥਾਨਕ ਮਿਉਨਿਸਿਪਲ ਦਫ਼ਤਰ ਨਾਲ ਸੰਪਰਕ ਕਰੋ।

ਜੇ ਤੁਹਾਡਾ ਤਲਾਕ ਕੈਨੇਡਾ ਤੋਂ ਬਾਹਰ ਹੋਇਆ ਸੀ, ਤਾਂ ਇਸਤੋਂ ਪਹਿਲਾਂ ਕਿ ਤੁਹਾਨੂੰ ਵਿਆਹ ਦਾ ਲਾਇਸੰਸ ਜਾਰੀ ਕੀਤਾ ਜਾ ਸਕੇ, ਲਾਜ਼ਮੀ ਹੈ ਕਿ ਤੁਸੀਂ ਮਿਨਿਸਟਰ ਆਫ਼ ਗੌਰਮਿੰਟ ਸਰਵਿਸਿਜ਼ (Minister of Government Services) ਤੋਂ ਸਵੀਕ੍ਰਿਤੀ ਪ੍ਰਾਪਤ ਕਰੋ। ਸਵੀਕ੍ਰਿਤੀ ਪ੍ਰਾਪਤ ਕਰਨ ਲਈ, ਹੇਠਾਂ ਦੱਸੇ ਗਏ ਦਸਤਾਵੇਜ਼ ਇਸ ਪਤੇ 'ਤੇ ਭੇਜੋ Office of the Registrar General, Marriage Office, P.O. Box 4600, 189 Red River Road, Thunder Bay, ON P7B 6L8:

- ਵਿਆਹ ਦੇ ਲਾਇਸੰਸ ਦੀ ਭਰੀ ਹੋਈ ਅਰਜ਼ੀ।
- ਇਸ ਵਿਆਹ ਦੀਆਂ ਦੋਹਾਂ ਧਿਰਾਂ ਵੱਲੋਂ ਦਸਤਖ਼ਤ ਕੀਤੇ ਹਰ ਤਲਾਕ ਲਈ ਇਕਮਾਤਰ ਜ਼ਿੰਮੇਵਾਰੀ ਦਾ ਬਿਆਨ।
- ਤਲਾਕ ਦੇ ਦਰਜੇ ਜਾਂ ਵਿਆਹ ਦੀ ਮਨਸੂਖੀ ਦੀ ਇੱਕ ਅਸਲ ਜਾਂ ਅਦਾਲਤ ਤੋਂ ਪ੍ਰਮਾਣਤ ਨਕਲ (ਤਲਾਕ ਜਾਂ ਵਿਆਹ ਦੀ ਮਨਸੂਖੀ ਨੂੰ ਮਨਜ਼ੂਰ ਕੀਤੇ ਜਾਣ ਵਾਲੇ ਅਧਿਕਾਰ-ਖੇਤਰ ਵਿੱਚ ਢੁੱਕਵੇਂ ਕੋਰਟ ਆਫ਼ਿਸਰ ਵੱਲੋਂ ਪ੍ਰਮਾਣਤ)। ਜੇ ਫ਼ਰਮਾਨ ਅੰਗ੍ਰੇਜ਼ੀ ਜਾਂ ਫ੍ਰੈਂਚ ਦੀ ਬਜਾਏ ਕਿਸੇ ਹੋਰ ਭਾਸ਼ਾ ਵਿੱਚ ਹੈ, ਤਾਂ ਅਨੁਵਾਦਕ ਵੱਲੋਂ ਸਹੁੰ ਚੁੱਕੇ ਹਲਫ਼ਨਾਮੇ ਦੇ ਨਾਲ ਅਨੁਵਾਦ ਕੀਤੀ ਹੋਈ ਕਾਪੀ ਵੀ ਲਗਾਓ।
- ਦੋਹਾਂ ਬਿਨੇਕਾਰਾਂ ਨੂੰ ਸੰਬੋਧਤ, ਓਂਟੇਰੀਓ ਦੇ ਕਿਸੇ ਵਕੀਲ ਤੋਂ ਇੱਕ ਕਨੂੰਨੀ ਰਾਏ, ਜੋ ਇਹ ਕਾਰਨ ਦਿੰਦੀ ਹੋਵੇ ਕਿ ਤਲਾਕ ਜਾਂ ਵਿਆਹ ਦੀ ਮਨਸੂਖੀ ਨੂੰ ਓਂਟੇਰੀਓ ਪ੍ਰੋਵਿੰਸ ਵਿੱਚ ਮਾਨਤਾ ਕਿਉਂ ਦਿੱਤੀ ਜਾਣੀ ਚਾਹੀਦੀ ਹੈ। ਜੇ ਤੁਸੀਂ 807-343-7568 'ਤੇ ਕਾਲ ਕਰੋ ਜਾਂ ਓਂਟੇਰੀਓ ਵਿੱਚ 1-800-461-2156 'ਤੇ ਟੋਲ-ਫ੍ਰੀ (ਨਿਸ਼ੁਲਕ) ਕਾਲ ਕਰੋ ਤਾਂ ਰਜਿਸਟਰਾਰ ਜਨਰਲ ਦਾ ਦਫ਼ਤਰ ਤੁਹਾਡੇ ਵਕੀਲ ਨੂੰ ਕਨੂੰਨੀ ਰਾਏ ਦੀ ਚਿੱਠੀ ਦਾ ਇੱਕ ਨਮੂਨਾ ਫ਼ੈਕਸ ਰਾਹੀਂ ਭੇਜੇਗਾ।

ਵਿਆਹ ਦੇ ਲਾਇਸੰਸ ਲਈ ਅਰਜ਼ੀ ਫ਼ਾਰਮ, ਇਕਮਾਤਰ ਜ਼ਿੰਮੇਵਾਰੀ ਦੇ ਬਿਆਨ ਦਾ ਫ਼ਾਰਮ ਅਤੇ ਵਕੀਲ ਦੀ ਰਾਏ ਦੀ ਚਿੱਠੀ ਦਾ ਸੁਝਾਇਆ ਗਿਆ ਰੂਪ ਜ਼ਿਆਦਾਤਰ ਮਿਉਨਿਸਿਪਲ ਦਫ਼ਤਰਾਂ ਤੋਂ ਵੀ ਉਪਲਬਧ ਹੁੰਦੇ ਹਨ।

**ਮੈਂ ਵਿਆਹ ਨੂੰ ਰਜਿਸਟਰ ਕਿਵੇਂ ਕਰਵਾਵਾਂ?**
ਜਿਸ ਵਿਅਕਤੀ ਨੇ ਵਿਆਹ ਸੰਪੰਨ ਕਰਵਾਇਆ ਉਸਨੂੰ ਲਾਜ਼ਮੀ ਰੂਪ ਵਿੱਚ ਦਸਤਖ਼ਤ ਕੀਤੇ ਵਿਆਹ ਦੇ ਲਾਇਸੰਸ ਨੂੰ ਰਜਿਸਟ੍ਰੇਸ਼ਨ ਲਈ ਰਜਿਸਟਰਾਰ ਜਨਰਲ ਦੇ ਦਫ਼ਤਰ ਵਿਖੇ ਭੇਜਣਾ ਚਾਹੀਦਾ ਹੈ।

**ਮੈਂ ਵਿਆਹ ਦਾ ਸਰਟੀਫ਼ਿਕੇਟ ਕਿਵੇਂ ਪ੍ਰਾਪਤ ਕਰਾਂ?**
ਵਿਆਹ ਤੋਂ ਬਾਅਦ, ਹੋ ਸਕਦਾ ਹੈ ਤੁਹਾਨੂੰ ਉਸ ਵਿਅਕਤੀ ਤੋਂ ਵਿਆਹ ਸੰਪੰਨ ਕੀਤੇ ਜਾਣ (Record of Solemnization of Marriage) ਦਾ ਰਿਕਾਰਡ ਮਿਲੇ ਜਿਸਨੇ ਤੁਹਾਡਾ ਵਿਆਹ ਕਰਵਾਇਆ ਸੀ। ਇਸ ਦਸਤਾਵੇਜ਼ ਵਿੱਚ ਜੋੜੇ ਦੇ ਨਾਮ, ਵਿਆਹ ਦੀ ਤਾਰੀਖ਼, ਗਵਾਹਾਂ ਦੇ ਨਾਮ ਅਤੇ ਇਹ ਸ਼ਾਮਲ ਹੁੰਦਾ ਹੈ ਕਿ ਵਿਆਹ ਕਿਸੇ ਲਾਇਸੰਸ ਦੇ ਅਧਿਕਾਰ ਤਹਿਤ ਸੰਪੰਨ ਕੀਤਾ ਗਿਆ ਸੀ ਜਾਂ ਵਿਆਹ ਬਾਰੇ ਸੂਚਨਾ ਦੇ ਪਰਕਾਸ਼ਨ ਨਾਲ। ਇਹ ਕੋਈ ਕਨੂੰਨੀ ਰਿਕਾਰਡ ਨਹੀਂ ਹੈ। ਇੱਕ ਵਿਆਹ ਦਾ ਸਰਟੀਫ਼ਿਕੇਟ ਸਿੱਧ ਕਰਦਾ ਹੈ ਕਿ ਵਿਆਹ ਹੋਇਆ ਹੈ। ਤੁਸੀਂ ਵਿਆਹ ਦੇ ਸਰਟੀਫ਼ਿਕੇਟ ਲਈ ਅਰਜ਼ੀ ਆਨਲਾਈਨ www.serviceontario.ca 'ਤੇ ਪ੍ਰਾਪਤ ਕਰ ਸਕਦੇ ਹੋ।

**ਕੀ ਮੇਰਾ ਵਿਆਹ ਹੋਣ ਤੋਂ ਬਾਅਦ ਮੈਨੂੰ ਆਪਣਾ ਨਾਮ ਬਦਲਣਾ ਪਏਗਾ?**
ਤੁਹਾਡੇ ਕੋਲ ਕਈ ਚੋਣਾਂ ਹਨ। ਜੇ ਤੁਸੀਂ ਆਪਣੇ ਨਾਮ ਬਾਰੇ ਜਾਣਕਾਰੀ ਲੈਣੀ ਚਾਹੋ, ਕਿਰਪਾ ਕਰਕੇ www.serviceontario.ca ਵੈਬਸਾਈਟ ਦੇਖੋ।

**ਜੇ ਮੇਰੇ ਕੋਲ ਓਂਟੇਰੀਓ ਵਿੱਚ ਵਿਆਹ ਦਾ ਸਰਟੀਫ਼ਿਕੇਟ ਹੋਵੇ ਤਾਂ ਕੀ ਮੇਰਾ ਵਿਆਹ ਕਨੂੰਨੀ ਹੈ?**
ਸਿਰਫ਼ ਕੋਈ ਅਦਾਲਤ ਹੀ ਇਹ ਫ਼ੈਸਲਾ ਕਰ ਸਕਦੀ ਹੈ ਕਿ ਤੁਹਾਡਾ ਵਿਆਹ ਪ੍ਰਮਾਣਕ ਹੈ ਜਾਂ ਨਹੀਂ। ਰਜਿਸਟਰਾਰ ਜਨਰਲ ਦਾ ਦਫ਼ਤਰ ਉਹਨਾਂ ਵਿਆਹਾਂ ਨੂੰ ਰਜਿਸਟਰ ਕਰਦਾ ਹੈ ਜਿਹੜੇ *ਮੈਰਿਜ ਐਕਟ* ਦੇ ਮੁਤਾਬਕ ਓਂਟੇਰੀਓ ਵਿੱਚ ਹੁੰਦੇ ਹਨ। ਵਿਆਹ ਦਾ ਸਰਟੀਫ਼ਿਕੇਟ ਵਿਆਹ ਦੀ ਰਜਿਸਟ੍ਰੇਸ਼ਨ ਦਾ ਇੱਕ ਅਧਿਕਾਰਕ ਰਿਕਾਰਡ ਹੁੰਦਾ ਹੈ ਪਰ ਇਹ ਪ੍ਰਮਾਣਕਤਾ ਪ੍ਰਦਾਨ ਨਹੀਂ ਕਰਦਾ। ਜੇ ਪ੍ਰਮਾਣਕਤਾ ਬਾਰੇ ਤੁਹਾਡੇ ਸਵਾਲ ਹਨ, ਤਾਂ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨ ਦੀ ਲੋੜ ਹੈ।

**ਜੇ ਮੇਰਾ ਵਿਆਹ ਕਿਸੇ ਹੋਰ ਦੇਸ਼ ਵਿੱਚ ਹੋਇਆ ਸੀ, ਤਾਂ ਮੈਂ ਵਿਆਹ ਦਾ ਸਰਟੀਫ਼ਿਕੇਟ ਕਿਵੇਂ ਪ੍ਰਾਪਤ ਕਰਾਂ?**
ਤੁਹਾਨੂੰ ਵਿਆਹ ਦਾ ਸਰਟੀਫ਼ਿਕੇਟ ਮੰਗਣ ਲਈ ਉਸ ਅਧਿਕਾਰ-ਖੇਤਰ ਨਾਲ ਸੰਪਰਕ ਕਰਨਾ ਪਵੇਗਾ ਜਿੱਥੇ ਤੁਹਾਡਾ ਵਿਆਹ ਹੋਇਆ ਸੀ।

**ਜੇ ਮੇਰੇ ਹੋਰ ਸਵਾਲ ਹੋਣ ਤਾਂ? ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?**
ਤੁਸੀਂ ਹੋਰ ਜਾਣਕਾਰੀ ਇੰਟਰਨੈਟ 'ਤੇ www.serviceontario.ca ਵਿਖੇ ਪ੍ਰਾਪਤ ਕਰ ਸਕਦੇ ਹੋ। ਤੁਸੀਂ ਰਜਿਸਟਰਾਰ ਜਨਰਲ ਦੇ ਦਫ਼ਤਰ ਨੂੰ ਵੀ ਟੋਰਾਂਟੋ ਵਿੱਚ 416-325-8305 'ਤੇ ਜਾਂ ਟੋਰਾਂਟੋ ਤੋਂ ਬਾਹਰ (ਟੋਲ-ਫ੍ਰੀ) 1-800-461-2156 'ਤੇ ਕਾਲ ਕਰ ਸਕਦੇ ਹੋ।